E-mail: mcouncilgdb@yahoo.co.in

# ਨਗਰ ਕੌਂਸਲ, ਗਿੱਦੜਬਾਹਾ

## NAGAR COUNCIL, GIDDERBAHA

## ਪਬਲਿਕ ਨੋਟਿਸ

ਨਗਰ ਕੌਸਲ, ਗਿੱਦੜਬਾਹਾ ਵੱਲੋਂ ਆਪਣੇ ਮਤਾ ਨੰ. 24 ਮਿਤੀ 12-07-2021 ਅਤੇ ਇਸ ਮਤੇ ਦੀ ਪ੍ਰਵਾਨਗੀ ਸਬੰਧੀ ਸਰਕਾਰ ਦੇ ਪੱਤਰ ਨੰ: 1ਏ.ਡੀ.ਸੀ.(ਯੂ.ਡੀ)-2021/363 ਮਿਤੀ 20-08-2021 ਰਾਹੀ ਅਤੇ ਸਰਕਾਰ ਵੱਲੋਂ ਸਮੇਂ-ਸਮੇਂ ਨਿਰਧਾਰਿਤ ਰੈਗੂਲਰ ਤਨਖਾਹ ਸਕੇਲ ਦੀਆ ਆਸਾਮੀਆ ਵਿਰੁੱਧ ਡਿਪਟੀ ਕਮਿਸ਼ਨਰ ਵੱਲੋਂ ਸਮੇਂ-ਸਮੇਂ ਸਿਰ ਨਿਰਧਾਰਿਤ ਲੇਬਰ ਰੇਟਾ ਦੀਆ ਅਦਾਇਗੀਆ ਤੇ ਠੇਕਾ ਅਧਾਰ 20 ਸਫਾਈ ਸੇਵਕਾਂ ਦੀਆ ਨਿਯੁਕਤੀਆਂ ਕੀਤੀਆ ਜਾਣੀਆ ਹਨ। ਇਸ ਲਈ ਪੰਜਾਬ ਦੇ ਵਸਨੀਕ ਚਾਹਵਾਨ ਉਮੀਦਵਾਰਾਂ ਤੋਂ ਮਿਤੀ 08-10-2021 ਤੱਕ ਹੇਠ ਲਿਖੇ ਪ੍ਰੋਫਾਰਮੇ ਵਿਚ ਬਿਨੈ ਪੱਤਰਾਂ (ਸਮੇਤ ਦਸਤਾਂਵੇਜਾਂ ਦੀਆਂ ਕਾਪੀਆਂ) ਦੀ ਮੰਗ ਕੀਤੀ ਜਾਂਦੀ ਹੈ। ਚਾਹਵਾਨ ਉਮੀਦਵਾਰ ਮਿਤੀ 08-10-2021 ਤੱਕ ਰਜਿਸਟਰ ਡਾਕ ਰਾਹੀ ਜਾਂ ਦਸਤੀ ਤੋਰ ਤੇ ਬਿਨੈ ਪੱਤਰਾਂ (ਸਮੇਤ ਦਸਤਾਂਵੇਜਾਂ ਦੀਆਂ ਕਾਪੀਆਂ) ਦਫਤਰ ਨਗਰ ਕੌਸਲ, ਗਿੱਦੜਬਾਹਾ ਵਿਖੇ ਜਮ੍ਹਾ ਕਰਵਾ ਸਕਦੇ ਹਨ। ਨਿਰਧਾਰਿਤ ਮਿਤੀ ਤੋਂ ਬਆਦ ਪ੍ਰਾਪਤ ਹੋਏ ਬਿਨੈ ਪੱਤਰਾਂ ਤੇ ਗੋਰ ਨਹੀ ਕੀਤੀ ਜਾਵੇਗੀ। ਇਸ ਤੋ ਇਲਾਵਾ ਚਾਹਵਾਨ ਉਮੀਦਵਾਰ ਹੇਠ ਲਿਖੀਆ ਸ਼ਰਤਾ ਪੂਰੀਆ ਕਰਦਾ ਹੋਣਾ ਚਾਹੀਦਾ ਹੈ।

1. ਉਮੀਦਵਾਰ ਉਪਰੋਕਤ ਅਸਾਮੀ ਲਈ ਨਿਰਧਾਰਿਤ ਯੋਗਤਾ ਪੂਰੀ ਕਰਦਾ ਹੋਵੇ।
2. ਸਰਕਾਰ ਦੀਆ ਹਦਾਇਤਾ ਅਨੁਸਾਰ ਨਿਰਧਾਰਿਤ ਉਮਰ ਹੱਦ ਅਨੁਸਾਰ ਯੋਗ ਹੋਵੇ ਭਾਵ ਉਮੀਦਵਾਰ ਦੀ ਉਮਰ ਮਿਤੀ 01-01-2021 ਨੂੰ 18 ਸਾਲ ਤੋਂ 37 ਸਾਲ ਦੇ ਵਿੱਚਕਾਰ ਹੋਣੀ ਚਾਹੀਦੀ ਹੈ। ਇਨਾਂ ਨਿਯੁਕਤੀਆਂ ਵਿਚ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਿਜ਼ਰਵੇਸ਼ਨ ਪਾਲਸੀ ਲਾਗੂ ਕੀਤੀ ਜਾਵੇਗੀ ਅਤੇ ਉਮਰ ਵਿਚ ਬਣਦੀ ਛੋਟ ਦਿੱਤੀ ਜਾਵੇ।
3. ਉਮੀਦਵਾਰ ਵਿਰੁੱਧ ਫੋਜਦਾਰੀ ਕੇਸ ਨਾ ਚੱਲ ਰਿਹਾ ਹੋਵੇ ਇਸ ਸਬੰਧੀ ਉਮੀਦਵਾਰ ਤੋਂ ਸਵੈ-ਘੋਸ਼ਣਾ ਵੀ ਨਾਲ ਨੱਥੀ ਕੀਤੀ ਜਾਵੇ।
4. ਘੱਟੋ-ਘੱਟ ਤਿੰਨ ਸਾਲ ਦਾ ਤਜਰਬਾ ਰੱਖਣ ਵਾਲੇ ਨੂੰ ਤਰਜੀ ਦਿੱਤੀ ਜਾਵੇਗੀ। ਤਜਰਬੇ ਦੇ ਅਰਸੇ ( Length of experience) ਦੇ ਅਧਾਰ ਤੇ weight age ਦਿੱਤੀ ਜਾਵੇਗੀ।
5. ਉਮੀਦਵਾਰ ਪੰਜਾਬ ਦਾ ਪੱਕਾ ਵਸਨੀਕ ਹੋਵੇ।

ਸਫਾਈ ਕਰਮਚਾਰੀਆਂ ਦੀ ਪੰਜਾਬ ਮਿਉਂਸਪਲ ਸਫਾਈ ਕਰਮਚਾਰੀ ਸੇਵਾ ਨਿਯਮ 1984 ਅਧੀਨ ਕੀਤੀ ਜਾਣੀ ਹੈ। ਇਨ੍ਹਾਂ ਨਿਯੁਕਤੀਆ ਵਿੱਚ ਪੰਜਾਬ ਸਰਕਾਰ ਦੀਆ ਹਦਾਇਤਾ ਅਨੁਸਾਰ ਰਿਜਰਵੇਸ਼ਨ ਪਾਲਿਸੀ ਲਾਗੂ ਕੀਤੀ ਜਾਵੇਗੀ ਅਤੇ ਉਮਰ ਵਿੱਚ ਬਣਦੀ ਛੋਟ ਦਿੱਤੀ ਜਾਵੇਗੀ। ਉਮੀਦਵਾਰ ਫਿਜੀਕਲੀ ਫਿੱਟ ਹੋਣਾ ਚਾਹੀਦਾ ਹੈ।

ਨਗਰ ਕੌਸਲ, ਗਿੱਦੜਬਾਹਾ ਵੱਲੋਂ ਨਿਯੁਕਤੀ ਕੀਤੀ ਜਾ ਰਹੇ ਸਫਾਈ ਸੇਵਕ ਤੋਂ ਸਫ਼ਾਈ ਦੇ ਕੰਮ, ਨਾਲੇ/ਨਾਲੀਆਂ ਦੀ ਸਫਾਈ, ਕੂੜਾ ਲਿਫਟਿੰਗ, ਸੋਲਡ ਵੇਸਟ ਦੇਖਭਾਲ ਦਾ ਕੰਮ, ਸਵੱਛ ਭਾਰਤ ਮਿਸ਼ਨ ਦੇ ਕੰਮ ਅਤੇ ਮਾਲੀ/ਬੇਲਦਾਰ/ਕੁਲੀ ਦੇ ਕੰਮ ਤੋ ਇਲਾਵਾ ਨਗਰ ਕੌਸਲ ਸਰਕਾਰ ਦੀਆ ਹਦਾਇਤਾ ਅਨੁਸਾਰ ਲੋੜ ਪੈਣ ਤੇ ਕਿਸੇ ਵੀ ਜਗ੍ਹਾ ਤੇ ਕੋਈ ਹੋਰ ਕੰਮ ਵੀ ਕਰਵਾ ਸਕਦੀ ਹੈ। ਇਸ ਇਸਤਿਹਾਰ ਵਿੱਚ ਕੋਈ ਸੋਧ ਹੁੰਦੀ ਹੈ ਤਾ ਇਸ ਦੀ ਸੂਚਨਾ ਅਖਬਾਰ/ਵੈਬਸਾਇਟ (**http://lgpunjab.gov.in** ) ਰਾਹੀ ਦਿੱਤੀ ਜਾਵੇਗੀ।

Scanned with CamScanner

# ਕੰਨਟਰੈਕਟ ਬੇਸ ਤੇ ਸਫਾਈ ਸੇਵਕ ਦੀ ਅਸਾਮੀ ਲਈ ਬਿਨੈ-ਪੱਤਰ

ਅਸਾਮੀ ਦਾ ਨਾਮ:-

| | | |
|---|---|---|
| 1. | ਉਮੀਦਵਾਰ ਦਾ ਨਾਮ | |
| 2. | ਪਿਤਾ/ਪਤੀ ਦਾ ਨਾਮ | |
| 3. | ਜਨਮ ਮਿਤੀ (ਸਬੂਤ ਨਾਲ ਨੱਥੀ) | |
| 4. | ਉਮਰ (ਪ੍ਰਸੋਨਲ ਪਾਲਿਸੀਜ਼-1 ਸ਼ਾਖਾ ਦੇ ਪੱਤਰ ਨੰ.9/56/2020-5PP1/33 ਮਿਤੀ 12-01-2021 ਰਾਹੀ ਛੋਟ ਦਿੱਤੀ ਜਾਵੇਗੀ। | |
| 5. | ਜਨਮ ਦਾ ਸਥਾਨ (ਜਿਲ੍ਹਾ ਅਤੇ ਰਾਜ) | |
| 6. | ਘਰ ਦਾ ਪੱਕਾ ਪਤਾ | - |
| 7. | ਪੱਤਰ ਵਿਹਾਰ ਲਈ ਪਤਾ | |
| 8. | ਮੋਬਾਇਲ ਨੰ. | |
| 9 | ਕੈਟਾਗਿਰੀ | |
| 10. | ਕੋਮੀਅਤ (Nationality) | |
| 11. | ਵਿਦਿਅਕ ਯੋਗਤਾ | |

| 12. | ਪਾਸ ਪ੍ਰੀਖਿਆ ਦਾ ਨਾਮ | ਬੋਰਡ/ਯੂਨੀਵਰਸਿਟੀ | ਪ੍ਰੀਖਿਆ ਪਾਸ ਕਰਨ ਦਾ ਸਾਲ | ਕੁਲ ਅੰਕ | ਪ੍ਰਾਪਤ ਕੀਤੇ ਅੰਕ | ਪ੍ਰਾਪਤ ਕੀਤੇ ਅੰਕਾ ਦੀ ਪ੍ਰਤੀਸ਼ਤ |
|---|---|---|---|---|---|---|
| | | | | | | |

12. ਕੀ ਪੰਜਾਬੀ ਪੜ੍ਹ ਲਿਖ ਸਕਦਾ ਹੈ ? ਹਾਂ ਜਾਂ ਨਹੀ ( )

13. ੳ) ਤਜਰਬਾ (ਕਦੋਂ ਤੋਂ ਕਦੋਂ ਤੱਕ ) ਸੰਸਥਾ ਦਾ ਨਾਂਮ :

( ਨੋਟ ਤਜਰਬਾ ਕਮਿਸ਼ਨਰ/ਕਾਰਜ ਸਾਧਕ ਅਫਸਰ/ਸੰਸਥਾ ਦੇ ਮੁੱਖੀ ਵੱਲੋਂ ਰਿਕਾਰਡ ਦੇ ਅਧਾਰ ਤੇ ਵੈਰੀਫਾਈ ਕੀਤਾ ਕੀਤਾ ਜਾਵੇਗਾ)

ਅ) ਈ.ਪੀ.ਐਫ ਨੰਬਰ ਜੇਕਰ ਹੈ ਤਾਂ)

ੲ) ਸੈਲਰੀ ਅਕਾਉਂਟ ਨੰਬਰ (ਬੈਂਕ ਡੀਟੇਲ )

## ਸਵੈ-ਘੋਸ਼ਣਾ

ਮੈ ........................... ਪੱਤਰ/ਪੁੱਤਰੀ ਸ੍ਰੀ ............................. ਉਮਰ........... ਘੋਸ਼ਣਾ ਕਰਦਾ/ਕਰਦੀ ਹਾਂ ਕੀ ਮੈ ਪੰਜਾਬ ਦਾ ਪੱਕਾ ਵਸਨੀਕ ਹਾਂ ਅਤੇ ਮੇਰੇ ਖਲਾਫ ਕੋਈ ਵੀ ਫੋਜਦਾਰੀ ਕੇਸ ਨਹੀ ਚੱਲ ਰਿਹਾ ਮੇਰੀ ਜਾਣਕਾਰੀ ਅਨੁਸਾਰ ਉਕਤ ਸੂਚਨਾਂ ਅਤੇ ਨੱਥੀ ਦਸਤਾਵੇਜ਼ ਠੀਕ ਅਤੇ ਸਹੀ ਹਨ। ਇਨਾਂ ਵਿਚ ਮੈਂ ਕੋਈ ਤੱਥ ਲੁਕਾਇਆ ਨਹੀ ਹੈ। ਜੇਕਰ ਮੇਰੀ ਵੱਲੋਂ ਦਿੱਤੀ ਗਈ ਸੂਚਨਾਂ ਕਿਸੇ ਸਮੇਂ ਗਲਤ ਪਾਈ ਗਈ ਤਾਂ ਸਮਰੱਥ ਅਥਾਰਟੀ ਨੂੰ ਮੇਰੇ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕਰਨ ਦੀ ਖੁਲ ਹੋਵੇਗੀ।

ਮਿਤੀ :

ਸਥਾਨ:

ਨੱਥੀ ਦਸਤਾਵੇਜ਼: ਉਮੀਦਵਾਰ ਦੇ ਹਸਤਾਖਰ

ਪ੍ਰਧਾਨ
ਨਗਰ ਕੌਂਸਲ ਗਿੱਦੜਬਾਹਾ।

ਕਾਰਜ ਸਾਧਕ ਅਫਸਰ
ਨਗਰ ਕੌਂਸਲ ਗਿੱਦੜਬਾਹਾ।

Scanned with CamScanner